10th Class

ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ , ਐਸ.ਏ.ਐਸ.ਨਗਰ

(ਵਜ਼ੀਫ਼ਾ ਸ਼ਾਖਾ)

ਵੱਲ,

ਸਮੂਹ ਮੰਡਲ ਸਿੱਖਿਆ ਅਫਸਰ,
ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ), ਪੰਜਾਬ,
ਸਮੂਹ ਸਕੂਲ ਮੁੱਖੀ,

ਮੀਮੋ ਨੰ: 20/5-2013 ਵਜ਼ੀਫਾ(2)
ਮਿਤੀ 10-10-2016

ਵਿਸ਼ਾ - ਪ੍ਰਮੋਸਨ ਆਫ ਅਜੂਕੇਸਨ ਅਮੰਗ ਅਜੂਕੇਸਨਲੀ ਬੈਕਵਰਡ ਕਲਾਸਜ(ਰਾਜ ਵਿਦਿਅਕ ਭਲਾਈ ਸਕੀਮ ਤਹਿਤ 10ਵੀ ਸ੍ਰੇਣੀ ਦੇ ਐਸ.ਸੀ./ਬੀ.ਸੀ.ਵਿਦਿਆਰਥੀਆਂ ਦੀਆਂ ਪ੍ਰੀਖਿਆ ਫੀਸਾਂ ਦੀ ਪ੍ਰਤੀ ਪੂਰਤੀ ਸਬੰਧੀ ਹਦਾਇਤਾਂ।

1 ਉਪਰੋਕਤ ਵਿਸ਼ੇ ਅਤੇ ਸਕੀਮ ਲਈ ਭਲਾਈ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਰਾਜ ਵਿਦਿਅਕ ਭਲਾਈ ਸਕੀਮ ਅਧੀਨ ਪ੍ਰੀਖਿਆ ਫੀਸਾਂ ਦੀ ਪ੍ਰਤੀ ਪੂਰਤੀ ਅਧੀਨ 10ਵੀਂ ਸ੍ਰੇਣੀ ਦੇ ਉਹੀ ਐਸ.ਸੀ. ਵਿਦਿਆਰਥੀ ਕਵਰ ਕੀਤੇ ਜਾਣੇ ਹਨ ਜਿੰਨਾ ਦੇ ਮਾਪਿਆਂ ਦੀ ਆਮਦਨ ਹੱਦ 50,000/- ਰੁ: ਤੋਂ ਘੱਟ ਹੋਵੇ।

2 ਇਸ ਸਕੀਮ ਅਧੀਨ ਕੇਵਲ ਉਹਨਾਂ ਬੀ.ਸੀ. ਵਿਦਿਆਰਥੀਆਂ ਨੂੰ ਕਵਰ ਕੀਤਾ ਜਾਣਾ ਹੈ, ਜਿੰਨਾਂ ਵਿਦਿਆਰਥੀਆਂ ਦੇ ਮਾਪਿਆਂ ਦੀ ਆਮਦਨ ਹੱਦ 24,000/- ਰੁ: ਤੋਂ ਘੱਟ ਹੈ।

3 ਇਸ ਲਈ ਪ੍ਰੀਖਿਆ ਫੀਸ ਦੀ ਪ੍ਰਤੀ ਪੂਰਤੀ ਸਕੀਮ ਅਧੀਨ ਐਸ.ਸੀ. ਵਿਦਿਆਰਥੀ ਜਿੰਨਾ ਦੇ ਮਾਪਿਆਂ ਦੀ ਆਮਦਨ ਹੱਦ 50,000/- ਰੁ: ਤੱਕ ਹੋਵੇ ਅਤੇ ਬੀ.ਸੀ. ਵਿਦਿਆਰਥੀ ਜਿੰਨੇ ਦੇ ਮਾਪਿਆਂ ਦੀ ਆਮਦਨ ਹੱਦ 24,000/- ਰੁ: ਤੱਕ ਹੋਵੇ , ਨੂੰ ਹੀ

ਕਵਰ ਕੀਤਾ ਜਾਣਾ ਹੈ। ਜਿਸਦੀ ਪ੍ਰਤੀ ਪੂਰਤੀ ਭਲਾਈ ਵਿਭਾਗ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਕੀਤੀ ਜਾਵੇਗੀ। ਸਾਲ 2016-17 ਦੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪ੍ਰੀਖਿਆ ਫਾਰਮ ਭਰਨ ਸਮੇਂ ਇਹਨਾਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ।

ਵਿਸ਼ੇਸ਼ ਕਾਰਜ ਅਫਸਰ (ਵਜੀਫਾ)

ਪਿਠ ਅੰਕਣ ਉਕਤ ਮਿਤੀ ਉਕਤ

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1 ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ , ਮੋਹਾਲੀ ।
2 ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ , ਸੈਕਟਰ 34 ਚੰਡੀਗੜ੍ਹ,

ਵਿਸ਼ੇਸ਼ ਕਾਰਜ ਅਫਸਰ (ਵਜੀਫਾ)

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਐਸ.ਏ.ਐਸ.ਨਗਰ
ਈ-ਬਲਾਕ, ਚੌਥੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ ਨਗਰ।
(ਵਜੀਫਾ ਸਾਖਾ)

ਹੁਕਮ ਨੰ: ਕੇ.ਡਬਲਯੂ 20/3-2013ਵਜੀਫਾ(2)
ਮਿਤੀ 19-08-2016

ਸਰਕਾਰੀ ਸਕੂਲਾਂ ਵੱਖ ਵੱਖ ਕਲਾਸਾਂ ਵਿੱਚ ਪੜ੍ਹ ਰਹੇ ਵੱਖ ਵੱਖ ਕੈਟੇਗਰੀ ਦੇ ਵਿਦਿਆਰਥੀਆਂ/ਵਿਦਿਆਰਥਣਾਂ ਪਾਸੋਂ ਲਈਆਂ ਜਾਣ ਵਾਲੀਆਂ ਫੀਸਾਂ ਅਤੇ ਫੰਡਾਂ ਬਾਰੇ ਸਮੇਂ ਸਮੇਂ ਤੇ ਸਰਕਾਰ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ। ਇਸ ਸਮੇਂ ਵਿਦਿਆਰਥੀਆਂ/ਵਿਦਿਆਰਥਣਾਂ ਪਾਸੋਂ ਲਈਆਂ ਜਾਣ ਵਾਲੀਆਂ ਫੀਸਾਂ/ਫੰਡ ਸਰਕਾਰ ਨੇ ਆਪਣੇ ਪੱਤਰ ਨੰ: 10/01/2014-4ਸਿ5/ਈ 1675/761452/ 1-5 ਮਿਤੀ 25-05-2016 ਰਾਹੀਂ ਨਿਰਧਾਰਤ ਕੀਤੀਆਂ ਸਨ। ਇਸ ਸਬੰਧੀ ਹੋਰ ਸਪੱਸਟਤਾ ਕਰਨ ਦੇ ਮੰਤਵ ਲਈ ਸਰਕਾਰੀ ਸਕੂਲਾਂ ਵਿੱਚ ਵੱਖ ਵੱਖ ਕਲਾਸਾਂ ਵਿੱਚ ਪੜ੍ਹ ਰਹੇ ਵੱਖ ਵੱਖ ਕੈਟੇਗਰੀ ਦੇ ਵਿਦਿਆਰਥੀਆਂ/ਵਿਦਿਆਰਥਣਾਂ ਪਾਸੋਂ ਲਈਆਂ ਜਾਣ ਵਾਲੀਆਂ ਫੀਸਾਂ ਅਤੇ ਫੰਡਾਂ ਬਾਰੇ ਬਾਰੇ ਸਥਿਤੀ ਹੇਠ ਲਿਖੇ ਟੈਬੂਲਰ ਫਾਰਮ ਵਿੱਚ ਦਰਸਾਈ ਜਾਂਦੀ ਹੈ:-

<u>ਸਰਕਾਰੀ ਸਕੂਲ</u>

(ੳ) ਰਾਈਟ ਟੂ ਐਜੂਕੇਸਨ ਐਕਟ, 2009 ਦੇ ਅਧੀਨ ਰੂਲ, 2011 ਅਨੁਸਾਰ 1 ਤੋਂ 8ਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਤੋਂ ਕੋਈ ਫੀਸ ਜਾਂ ਫੰਡ ਕਲੈਕਟ ਨਹੀਂ ਕੀਤਾ ਜਾਵੇਗਾ।

(ਅ) (9ਵੀ ਤੋਂ 12ਵੀ)

| ਜਨਰਲ ਵਰਗ ਦੀਆਂ ਵਿਦਿਆਰਥਣਾਂ/ਵਿਦਿਆਰਥੀਆਂ ਤੋਂ ਲਈ ਜਾਣ ਵਾਲੀ ਫੀਸ/ਫੰਡ | ਓ.ਬੀ.ਸੀ ਵਿਦਿਆਰਥੀਆਂ ਸਮੇਤ ਵਿਦਿਆਰਥਣਾਂ ਤੋਂ ਲਈ ਜਾਣ ਵਾਲੀ ਫੀਸ/ਫੰਡ | ਐਸ.ਸੀ ਵਿਦਿਆਰਥੀਆਂ ਸਮੇਤ ਵਿਦਿਆਰਥਣਾਂ ਤੋਂ ਲਈ ਜਾਣ ਵਾਲੀ ਫੀਸ/ਫੰਡ |
|---|---|---|
| • ਫੀਸਾਂ<br>(ੳ) ਸਰਕਾਰੀ ਸਕੂਲਾਂ ਵਿੱਚ ਸਾਰੇ ਵਿਦਿਆਰਥੀਆਂ ਤੋਂ ਲਏ ਜਾਣ ਵਾਲੇ ਫੰਡਾਂ ਦਾ ਵੇਰਵਾ<br>ਸਰਕਾਰ ਦੇ ਪੱਤਰ ਨੰ: .1/15/2013- | • ਫੀਸਾਂ<br>ਬੀ.ਸੀ./ਓ.ਬੀ.ਸੀ ਵਿਦਿਆਰਥੀ ਸਮੇਤ ਵਿਦਿਆਰਥਣਾਂ ਜਿਨ੍ਹਾਂ ਦੇ ਮਾਪਿਆਂ ਦੀ ਆਮਦਨ ਹੱਦ 1.00 ਲੱਖ ਤੋਂ ਘੱਟ ਹੈ, ਅਤੇ ਸਰਕਾਰ ਦੇ ਪੱਤਰ | • ਫੀਸਾਂ<br>ਭਾਰਤ ਸਰਕਾਰ ਦੀ ਵਜੀਫਾ ਪਾਲਿਸੀ ਮੁਤਾਬਕ ਪੋਸਟ ਮੈਟ੍ਰਿਕ ਸਕੀਮ ਅਧੀਨ ਆਉਂਦੇ <u>ਐਸ.ਸੀ ਵਿਦਿਆਰਥੀ ਸਮੇਤ ਵਿਦਿਆਰਥਣਾਂ</u> ਜਿਨ੍ਹਾਂ ਦੇ |

| | | |
|---|---|---|
| 4ਸਿੱ6/869 ਮਿਤੀ 28-03-2013 ਮੁਤਾਬਕ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ 9ਵੀਂ ਅਤੇ 10ਵੀਂ , 11ਵੀਂ ਅਤੇ 12ਵੀਂ ਕਲਾਸ ਦੇ ਸਾਰੇ ਵਿਦਿਆਰਥੀਆਂ ਸਮੇਤ ਵਿਦਿਆਰਥਣਾਂ ਤੋਂ ਫੰਡ ਵਸੂਲ ਕੀਤਾ ਜਾਵੇਗਾ। ਇਸ ਤੋਂ ਇਲਾਵਾ ਐਸ.ਐਸ.ਏ ਵੱਲੋਂ ਜਾਰੀ ਕੀਤੇ ਪੱਤਰ ਨੰਬਰ ਡਿਪਟੀ ਐਸ.ਪੀ.ਡੀ/ ਐਸ.ਐਸ.ਏ /43727-771ਮਿਤੀ 25-06-2010 ਅਨੁਸਾਰ ਟਿਊਸਨ ਫੀਸ,ਦਾਖਲਾ ਫੀਸ, ਰੀ-ਐਡਮਿਸਨ ਫੀਸ, ਪਯੋਗੀ ਫੀਸ ਅਤੇ ਗੈਰ ਹਾਜਰੀ ਲੇਟ ਫੀਸ ਆਦਿ ਸਾਰੇ ਵਿਦਿਆਰਥੀਆਂ ਤੋਂ ਪਹਿਲਾਂ ਦੀ ਤਰ੍ਹਾਂ ਲਿਆ ਜਾਣਾ ਹੈ।<br><br>(ਅ) ਸਰਕਾਰ ਦੇ ਪੱਤਰ ਨੰ: 11/15/2013-4ਸਿੱ6/989ਮਿਤੀ 16-04-2013 ਮੁਤਾਬਕ ਇਹ ਸਪਸਟ ਕੀਤਾ ਗਿਆ ਹੈ ਕਿ ਪਿੰਡ ਵਿੱਚ ਪੜ੍ਹਦੀਆਂ 9ਵੀਂ ਤੋਂ 12ਵੀਂ ਕਲਾਸ ਦੀਆਂ ਕੁੱਲ ਵਿਦਿਆਰਥਣਾਂ ਵਿੱਚੋਂ 30% ਵਿਦਿਆਰਥਣਾਂ ਦੀ ਅਤੇ ਸਹਿਰੀ ਸਕੂਲਾਂ ਵਿੱਚ ਪੜ੍ਹਦੀਆਂ ਕੁੱਲ ਵਿਦਿਆਰਥਣਾਂ ਵਿੱਚੋਂ 20% ਵਿਦਿਆਰਥਣਾਂ ਤੱਕ | ਨੰ: 10/1/14 4ਸਿ5/791537/1-4 ਮਿਤੀ 8-7-16 ਅਨੁਸਾਰ 10ਵੀ ਅਤੇ 12ਵੀ ਵਿੱਚ 60% ਨੰਬਰ ਹੋਣੇ ਜਰੂਰੀ ਹਨ ਜੋ ਕਿ ਪੋਸਟ ਮੈਟ੍ਰਿਕ ਸਕੀਮ ਅਧੀਨ ਆਉਂਦੇ ਹਨ, ਤੋਂ ਪਹਿਲਾਂ ਦਾਖਲਾ ਫੀਸ, ਟਿਊਸਨ ਫੀਸ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪ੍ਰੀਖਿਆ ਫੀਸ ਵਸੂਲ ਕੀਤੀ ਜਾਵੇਗੀ ਅਤੇ ਬਾਅਦ ਵਿੱਚ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਨਾਨ-ਰੀਫੰਡੇਬਲ ਫੀਸ ਅਤੇ ਵਾਧੂ ਚਾਰਜ ਦੀ ਪ੍ਰਤੀ ਪੂਰਤੀ ਭਾਰਤ ਸਰਕਾਰ ਵੱਲੋਂ ਭਲਾਈ ਵਿਭਾਗ ਨੂੰ ਫੰਡ ਪ੍ਰਾਪਤ ਹੋਣ ਤੇ, ਕਰਵਾ ਦਿੱਤੀ ਜਾਵੇਗੀ। | ਮਾਪਿਆਂ ਦੀ ਆਮਦਨ ਹੱਦ 2.50 ਲੱਖ ਤੋਂ ਘੱਟ ਹੈ, ਤੋਂ ਦਾਖਲਾ ਫੀਸ, ਟਿਊਸਨ ਫੀਸ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪ੍ਰੀਖਿਆ ਫੀਸ ਵਸੂਲ ਨਹੀਂ ਕੀਤੀ ਜਾਵੇਗੀ। ਪਰ ਇਸ ਫੀਸ ਦਾ ਕਲੇਮ ਦੀ ਪ੍ਰਤੀ ਪੂਰਤੀ ਭਲਾਈ ਵਿਭਾਗ ਵੱਲੋਂ ਸਬੰਧਤ ਸੰਸਥਾਵਾਂ/ ਸਕੂਲਾਂ ਦੇ ਬੈਂਕ ਖਾਤਿਆ ਵਿੱਚ ਟਰਾਂਸਫਰ ਕਰ ਦਿੱਤ ਜਾਵੇਗਾ ਪ੍ਰੰਤੂ, ਭਾਰਤ ਸਰਕਾਰ ਦੀ ਪੋਸਟ ਮੈਟ੍ਰਿ ਐਸ.ਸੀ ਸਕੀਮ ਅਧੀ ਆਉਂਦੇ ਵਿਦਿਆਰਥੀਆਂ ਤੋ ਪਹਿਲਾਂ ਫੰਡ ਲਏ ਜਾਣ ਅਤੇ ਬਾਅਦ ਵਿੱਚ ਇਨ੍ਹ ਫੰਡਾਂ ਦੀ re-imbursemen ਭਲਾਈ ਵਿਭਾਗ ਵੱਲੋਂ ਕ ਦਿੱਤੀ ਜਾਵੇਗੀ। |

| | | |
|---|---|---|
| ਦੀ ਫੀਸ/ਫੰਡ ਮੁਆਫ ਕੀਤੀ ਜਾਣੀ ਹੈ। ਇਹ ਫੀਸ ਸਕੂਲ ਮੁੱਖੀ ਦੇ ਪੱਧਰ ਤੇ ਸਬੰਧਤ ਵਿਦਿਆਰਥਣ ਦੇ ਮਾਪਿਆਂ ਦੀ ਆਰਥਿਕ ਹਾਲਤ ਦੇ ਮੱਦੇ ਨਜਰ ਹੇਠ ਲਿਖੇ ਕੇਸਾਂ ਵਿੱਚ 100% ਤੱਕ ਫੀਸ ਮਾਫ ਕੀਤੀ ਜਾ ਸਕਦੀ ਹੈ:-<br>(1) ਬੀ.ਪੀ.ਐਲ ਪਰਿਵਾਰਾਂ ਨਾਲ ਸਬੰਧਤ ਵਿਦਿਆਰਥਣਾਂ।<br>(2) ਉਹ ਵਿਦਿਆਰਥਣਾਂ ਜਿਨ੍ਹਾਂ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ।<br>(3) ਉਹ ਵਿਦਿਆਰਥਣਾਂ ਜਿਨ੍ਹਾਂ ਦੇ ਮਾਪੇ ਬੇਜਮੀਨੇ ਮਜਦੂਰ ਅਤੇ ਕਿਸਾਨ ਹਨ (ਬਸਰਤੇ ਕਿ ਉਹ ਜੋ ਦੁਕਾਨ/ਵਪਾਰ ਵਗੈਰਾ ਨਾ ਕਰਦੇ ਹੋਣ)।<br>(ੲ) ਪੰਜਾਬ ਸਰਕਾਰ ਦੇ ਪੱਤਰ ਨੰ: 7/23/2011-5ਸਿੱ4/ 4918 ਮਿਤੀ 22-07-2011 ਅਨੁਸਾਰ 9ਵੀਂ ਤੋਂ 12ਵੀਂ ਕਲਾਸ ਦੀਆਂ ਵਿਦਿਆਰਥਣਾਂ ਨੂੰ ਮੁਫਤ ਸਿੱਖਿਆ ਮੁਹੱਈਆ ਕੀਤੀ ਜਾਣੀ ਹੈ, ਜਿਸ ਵਿੱਚ ਉਨ੍ਹਾਂ ਤੋਂ ਟਿਊਸ਼ਨ ਫੀਸ/ਦਾਖਲਾ ਫੀਸ/ਰੀ-ਐਡਮਿਸ਼ਨ ਫੀਸ ਨਹੀਂ ਲਈ ਜਾਵੇਗੀ। | | |
| | • ਪ੍ਰੀਖਿਆ ਫੀਸਾਂ 10ਵੀਂ ਜਮਾਤ ਦੇ ਰਾਜ | • ਪ੍ਰੀਖਿਆ ਫੀਸਾਂ ਪੰਜਾਬ ਸਕੂਲ ਸਿੱਖਿ |

| | | |
|---|---|---|
| | ਵਿਦਿਅਕ ਸਕੀਮ ਅਧੀਨ ਆਉਂਦੇ ਬੀ.ਸੀ/ ਓ.ਬੀ.ਸੀ ਵਿਦਿਆਰਥੀ ਸਮੇਤ ਵਿਦਿਆਰਥਣਾਂ ਜਿਨ੍ਹਾਂ ਦੇ ਮਾਪਿਆਂ ਦੀ ਆਮਦਨ ਹੱਦ 24,000 ਤੋਂ ਘੱਟ ਹੋਵੇਗੀ, ਤੋਂ ਪ੍ਰੀਖਿਆ ਫ਼ੀਸ ਵਸੂਲ ਨਹੀਂ ਕੀਤੀ ਜਾਵੇਗੀ। ਜਿਸ ਦੀ ਰੀਮਬਰਸਮੈਂਟ ਭਲਾਈ ਵਿਭਾਗ ਵੱਲੋਂ ਬੋਰਡ ਨੂੰ ਕਰ ਦਿੱਤੀ ਜਾਵੇਗੀ। | ਬੋਰਡ ਵੱਲੋਂ ਕੰਡਕਟ ਕੀਤੀ ਜਾ ਰਹੀ ਪ੍ਰੀਖਿਆ ਫੀਸ 10ਵੀਂ ਅਤੇ 12ਵੀਂ ਜਮਾਤ ਦੇ ਜਨਰਲ ਵਰਗ ਦੇ ਵਿਦਿਆਰਥੀਆਂ ਸਮੇਤ ਵਿਦਿਆਰਥਣਾਂ ਤੋਂ ਵਸੂਲ ਕੀਤੀ ਜਾਵੇਗੀ, ਪ੍ਰੰਤੂ<br>(ੳ) 12ਵੀਂ ਜਮਾਤ ਦੇ ਐਸ.ਸੀ ਵਿਦਿਆਰਥੀ ਸਮੇਤ ਵਿਦਿਆਰਥਣਾਂ ਜੋ ਕਿ ਪੋਸਟ ਮੈਟ੍ਰਿਕ ਸਕੀਮ ਅਧੀਨ ਆਉਂਦੇ ਹਨ, ਤੋਂ ਪ੍ਰੀਖਿਆ ਫੀਸ ਵਸੂਲ ਨਹੀਂ ਕੀਤੀ ਜਾਵੇਗੀ, ਪ੍ਰੰਤੂ ਇਸ ਦੀ ਰੀਇਮਬਰਸਮੈਂਟ ਭਲਾਈ ਵਿਭਾਗ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਸਿੱਧੀ ਕਰ ਦਿੱਤੀ ਜਾਵੇਗੀ।<br>(ਅ) 10ਵੀਂ ਜਮਾਤ ਦੇ ਰਾਜ ਵਿਦਿਅਕ ਸਕੀਮ ਅਧੀਨ ਆਉਂਦੇ ਐਸ.ਸੀ ਵਿਦਿਆਰਥੀ ਸਮੇਤ ਵਿਦਿਆਰਥਣਾਂ ਜਿਨ੍ਹਾਂ ਦੇ ਮਾਪਿਆਂ ਦੀ ਆਮਦਨ ਹੱਦ 50,000 ਤੋਂ ਘੱਟ ਹੋਵੇਗੀ ਤੋਂ ਵੀ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪ੍ਰੀਖਿਆ ਫੀਸ ਵਸੂਲ ਨਹੀਂ ਕੀਤੀ ਜਾਵੇਗੀ, ਜਿਸ ਦੀ ਰੀਇਮਬਰਸਮੈਂਟ ਵੀ ਭਲਾਈ ਵਿਭਾਗ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਨੂੰ ਕਰ ਦਿੱਤੀ ਜਾਵੇਗੀ। |

(ੲ) ਏਡਿਡ ਸਕੂਲ :- ਸਰਕਾਰ ਵੱਲੋਂ ਏਡਿਡ ਸਕੂਲਾਂ ਤੇ ਸਰਕਾਰੀ ਸਕੂਲਾਂ ਵਿੱਚ ਲਈਆਂ ਜਾਣ ਵਾਲੀਆਂ ਫੀਸਾਂ ਹੀ ਲਾਗੂ ਕੀਤੀਆ ਜਾਣੀਆਂ ਹਨ।

(ਸ) ਪ੍ਰਾਈਵੇਟ ਸਕੂਲ:-ਸਰਕਾਰ ਵੱਲੋਂ ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਸਬੰਧੀ ਪਹਿਲਾਂ ਹੀ ਨੋਟੀਫਿਕੇਸਨ ਸਰਕਾਰ ਦੇ ਪੱਤਰ ਨੰ:10/1-2014-4ਸਿੱ5/452194/1 ਮਿਤੀ 01-04-2015 ਜਾਰੀ ਕੀਤੀ ਜਾ ਚੁੱਕੀ ਹੈ।

ਉਪਰੋਕਤ ਫੀਸਾਂ/ਫੰਡਾਂ ਦਾ ਵੇਰਵਾ ਸਰਕਾਰ ਵੱਲੋ ਪਹਿਲਾਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਹੀ ਦਿੱਤਾ ਗਿਆ ਹੈ ਅਤੇ ਸਰਕਾਰ ਵੱਲੋਂ ਪਹਿਲਾਂ ਹੀ ਨਿਰਧਾਰਤ ਫੀਸਾਂ/ਫੰਡਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ। ਸਥਿਤੀ ਨੂੰ ਸਪੱਸਟ ਕਰਨ ਦੇ ਮੰਤਵ ਲਈ ਪਹਿਲਾਂ ਜਾਰੀ ਹੋਈਆਂ ਹਦਾਇਤਾਂ ਦਾ ਸੰਗ੍ਰਿਹ ਉਪਰੋਕਤ ਅਨੁਸਾਰ ਦਰਸਾਇਆ ਗਿਆ ਹੈ, ਜਿਨ੍ਹਾਂ ਦੀ ਪਾਲਣਾਂ ਯਕੀਨੀ ਬਣਾਈ ਜਾਵੇਗੀ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:),ਪੰਜਾਬ

2548-2581

ਪਿੱਠ ਅੰਕਣ ਨੰ: ਕੇ.ਡਬਲਯੂ 20/3-2013ਵਜੀਫਾ(2)/ ਮਿਤੀ ਚੰਡੀਗੜ੍ਹ: 26-08-2016

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ (ਸਿ-5 ਸਾਖਾ),ਪੰਜਾਬ , ਚੰਡੀਗੜ੍ਹ।
2. ਸਕੱਤਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਪੰਜਾਬ।
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ , ਪੰਜਾਬ, ਐਸ.ਏ.ਐਸ.ਨਗਰ ।
4. ਡਾਇਰੈਕਟਰ ,ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਪੰਜਾਬ।
5. ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ , ਮੋਹਾਲੀ ।
6. ਪੀ.ਐਸ./ ਸਿੱਖਿਆ ਮੰਤਰੀ ਪੰਜਾਬ , ਚੰਡੀਗੜ੍ਹ।
7. ਡਾਇਰੈਕਟਰ ਸਿੱਖਿਆ ਵਿਭਾਗ(ਐ:ਸਿ:), ਪੰਜਾਬ, ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਕੰਪ: ਫੇਸ-8, ਅਜੀਤਗੜ੍ਹ(ਮੋਹਾਲੀ)।
8. ਪੀ.ਏ/ਡੀ.ਪੀ.ਆਈ(ਸੈ:ਸਿ:) ਪੰਜਾਬ।
9. ਸਮੂਹ ਮੰਡਲ ਸਿੱਖਿਆ ਅਫਸਰ,ਪੰਜਾਬ (ਨਾਭਾ, ਜਲੰਧਰ, ਫਰੀਦਕੋਟ)
10. ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ), ਪੰਜਾਬ।
11. ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ ।

26/8/16

ਵਿਸੇਸ ਕਾਰਜ ਅਫਸਰ (ਵਜੀਫਾ)